# ਕੈਲੇਫੋਰਨੀਆ ਵਿਦਿਆ ਵਿਭਾਗ
# ਖਾਸ ਪੜ੍ਹਾਈ ਦੇ ਵਿਆਪਕ ਰਿਵੀਊ ਬਾਰੇ ਮਾਪੇ ਦਾ ਸਰਵੇ

**ਸਕੂਲ ਜ਼ਿਲਾ:**________________________ **ਸਕੂਲ ਸਥਾਨ:**________________________

ਕੈਲੇਫੋਰਨੀਆ ਵਿਦਿਆ ਵਿਭਾਗ ਦੀ ਖਾਸ ਪੜ੍ਹਾਈ ਦੀ ਡਿਵੀਜ਼ਨ (California Department of Education Special Education Division, CDE-SED) ਹਰ ਸਾਲ ਚੋਣਵੇਂ ਸਕੂਲ ਜ਼ਿਲਿਆਂ ਦਾ ਵਿਆਪਕ ਰਿਵੀਊ ਕਰਦੀ ਹੈ। ਇਹ ਸਰਵੇ ਡਿਸਏਬਿਲਟੀਜ਼ (ਅਪਾਹਜਤਾਵਾਂ) ਵਾਲੇ ਵਿਦਿਆਰਥੀਆਂ ਲਈ ਪਾਲਣਾ ਦੇ ਖਾਸ ਖੇਤਰਾਂ ਅਤੇ ਪੜ੍ਹਾਈ ਦੇ ਅਮਲਾਂ ਨਾਲ ਸੰਬੰਧਿਤ ਮਾਪਿਆਂ ਦੀ ਰਾਇ ਅਤੇ ਤਜਰਬੇ ਦਾ ਪਤਾ ਲਾਉਣ ਲਈ ਤਿਆਰ ਕੀਤਾ ਗਿਆ ਹੈ। ਤੁਹਾਡੇ ਵਿਚਾਰ ਉਨ੍ਹਾਂ ਖੇਤਰਾਂ ਦੀ ਪਛਾਣ ਕਰਨ ਵਿਚ CDE-SED ਦੀ ਮਦਦ ਕਰਨਗੇ ਜਿਨ੍ਹਾਂ ਵਿਚ ਸੁਧਾਰ ਕਰਨ ਦੀ ਲੋੜ ਹੋ ਸਕਦੀ ਹੈ ਅਤੇ ਇਹ ਨਿਗਰਾਨੀ ਦੇ ਹੋਰ ਕਾਰਜਾਂ ਨੂੰ ਘੜਨ ਵਿਚ ਮਦਦ ਕਰਨਗੇ (ਜਿਵੇਂ ਸਟਾਫ/ਮਾਪਿਆਂ ਦੀਆਂ ਇੰਟਰਵਿਊਆਂ, ਡਾਕੂਮੈਂਟਾਂ ਦੇ ਰਿਵੀਊ, ਸਕੂਲ ਵਿਚ ਫੇਰੀਆਂ, ਆਦਿ)। ਸਰਵੇ ਨੂੰ 2 ਹਫਤਿਆਂ ਦੇ ਵਿਚ ਵਿਚ ਭਰੋ/ਵਾਪਸ ਕਰੋ।

**ਡਾਕ:** Robin Ryan, Seeds of Partnership, Sacramento County Office of Education, P.O. Box 269003, Sacramento, CA 95826

**ਜਾਂ** ਸਰਵੇ ਔਨਲਾਈਨ www.seedsofpartnership.org/monitoringsurvey ’ਤੇ ਭਰੋ

**ਜਾਂ** ਫੋਨ/ਟੈਬਲਟ ਦੀ ਵਰਤੋਂ ਕਰਦੇ ਹੋਏ ਕਿਊ ਆਰ ਕੋਡ ਸਕੈਨ ਕਰੋ

**ਬੱਚੇ ਦੀ ਮੁਢਲੀ ਡਿਸਏਬਿਲਟੀ** *(ਸਿਰਫ ਇਕ ’ਤੇ ਨਿਸ਼ਾਨੀ ਲਾਉ)*

- O ਔਟਿਜ਼ਮ
- O ਸਾਬਤ ਹੋਈ ਮੈਡੀਕਲ ਡਿਸਏਬਿਲਟੀ
- O ਸਰੀਰਕ ਵਿਗਾੜ
- O ਬੋਲਣ/ਬੋਲੀ ਦਾ ਵਿਗਾੜ
- O ਬੋਲਾ-ਅੰਨ੍ਹਾਪਣ
- O ਉੱਚਾ ਸੁਣਦਾ
- O ਸਿਹਤ ਦਾ ਕੋਈ ਹੋਰ ਵਿਗਾੜ
- O ਸਦਮੇ ਵਾਲੀ ਦਿਮਾਗੀ ਸੱਟ
- O ਬੋਲਾਪਣ
- O ਦਿਮਾਗੀ ਡਿਸਏਬਿਲਟੀ
- O ਨਿਗ੍ਹਾ ਦਾ ਵਿਗਾੜ ਸਮੇਤ ਅੰਨ੍ਹੇਪਣ ਦੇ
- O ਜਜ਼ਬਾਤੀ ਘਬਰਾਹਟ
- O ਕਈ ਡਿਸਏਬਿਲਟੀਜ਼
- O ਸਿੱਖਣ ਦੀ ਕੋਈ ਖਾਸ ਡਿਸਏਬਿਲਟੀ

**ਬੱਚੇ ਦੀ ਰੇਸ/ਨਸਲ** *(ਇਕ ਜਾਂ ਜ਼ਿਆਦਾ ਦੀ ਚੋਣ ਕਰੋ)*

- O ਅਮੈਰੇਕਨ ਇੰਡੀਅਨ ਜਾਂ ਅਲਾਸਕਾ ਨੇਟਿਵ
- O ਨੇਟਿਵ ਹਵਾਈਅਨ ਜਾਂ ਹੋਰ ਪੈਸੇਫਿਕ ਆਈਲੈਂਡਰ
- O ਵਾਈਟ ਜਾਂ ਕੋਕੇਜ਼ੀਅਨ
- O ਬਲੈਕ ਜਾਂ ਅਫਰੀਕਨ ਅਮੈਰੇਕਨ
- O ਹਿਸਪੈਨਿਕ ਜਾਂ ਲਾਤੀਨੋ
- O ਏਸ਼ੀਅਨ

O **ਜਵਾਬ ਨਾ ਦੇਣ ਨੂੰ ਤਰਜੀਹ**

**ਬੱਚੇ ਦੀ ਉਮਰ** *(ਸਾਲਾਂ ਵਿਚ)*

- O 3 ਤੋਂ 5
- O 6 ਤੋਂ 9
- O 10 ਤੋਂ 12
- O 13 ਤੋਂ 15
- O 16 ਤੋਂ 17
- O 18 ਤੋਂ 22

**ਕਿਰਪਾ ਕਰਕੇ ਪਿਛਲੇ ਸਾਲ ਦੌਰਾਨ ਖਾਸ ਪੜ੍ਹਾਈ ਬਾਰੇ ਆਪਣੇ ਤਜਰਬੇ ਅਤੇ ਆਪਣੇ ਬੱਚੇ ਦੇ ਤਜਰਬੇ ਬਾਰੇ ਸੋਚੋ।**

| | | ਬਹੁਤ ਸਹਿਮਤ | ਸਹਿਮਤ | ਪੱਕਾ ਪਤਾ ਨਹੀਂ | ਅਸਹਿਮਤ | ਬਹੁਤ ਅਸਹਿਮਤ |
|---|---|---|---|---|---|---|
| ***ਆਮ*** | | | | | | |
| **1.** | ਸਮੁੱਚੇ ਤੌਰ ’ਤੇ, ਮੇਰਾ ਬੱਚਾ ਆਪਣੇ ਪੜ੍ਹਾਈ ਦੇ ਪ੍ਰੋਗਰਾਮ ਵਿਚ ਸਿੱਖ ਰਿਹਾ ਹੈ ਅਤੇ ਤਰੱਕੀ ਕਰ ਰਿਹਾ ਹੈ। | O | O | O | O | O |
| **2.** | ਵਧੀਆ ਨਤੀਜੇ ਅਤੇ ਸਿੱਟੇ ਪ੍ਰਾਪਤ ਕਰਨ ਵਿਚ ਮੇਰੇ ਬੱਚੇ ਦੀ ਮਦਦ ਕਰਨ ਲਈ ਸਕੂਲ ਦਾ ਸਟਾਫ ਪੂਰਾ ਯਤਨ ਕਰਦਾ ਹੈ। | O | O | O | O | O |
| **3.** | ਮੇਰੇ ਬੱਚੇ ਲਈ ਸੇਵਾਵਾਂ ਅਤੇ ਨਤੀਜਿਆਂ ਵਿਚ ਸੁਧਾਰ ਕਰਨ ਦੇ ਮੰਤਵ ਵਜੋਂ ਸਕੂਲ ਜ਼ਿਲਾ ਮਾਪਿਆਂ ਦੀ ਸ਼ਮੂਲੀਅਤ ਕਰਵਾਉਂਦਾ ਹੈ (ਉਤਸ਼ਾਹ ਦਿੰਦਾ ਹੈ, ਮਦਦ ਕਰਦਾ ਹੈ, ਮੌਕੇ ਪ੍ਰਦਾਨ ਕਰਦਾ ਹੈ)। | O | O | O | O | O |
| ***ਪੜ੍ਹਾਈ ਦੇ ਨਿੱਜੀ ਪ੍ਰੋਗਰਾਮ ਅਤੇ ਮੀਟਿੰਗ*** | | | | | | |
| **4.** | ਸਕੂਲ ਦਾ ਸਟਾਫ ਇਹ ਪੱਕਾ ਕਰਦਾ ਹੈ ਕਿ ਮੈਨੂੰ ਰੱਖਿਆ ਦੇ ਪ੍ਰਬੰਧਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ (ਫੈਡਰਲ ਕਾਨੂੰਨ ਵਿਚਲੇ ਨਿਯਮ ਜਿਹੜੇ ਮਾਪਿਆਂ ਦੇ ਹੱਕਾਂ ਦੀ ਰਖਵਾਲੀ ਕਰਦੇ ਹਨ)। | O | O | O | O | O |
| **5.** | ਮੇਰੇ ਬੱਚੇ ਦੀ IEP ਟੀਮ ਵਿਚ ਸਾਰੇ ਜ਼ਰੂਰੀ ਹਿੱਸੇਦਾਰ ਸ਼ਾਮਲ ਹੁੰਦੇ ਹਨ (ਜਿਵੇਂ ਮਾਪਾ (ਮਾਪੇ), ਟੀਚਰ, ਸੇਵਾਵਾਂ ਦੇਣ ਵਾਲੇ, ਪ੍ਰਬੰਧਕ/ਨੁਮਾਇੰਦਾ)। | O | O | O | O | O |
| **6.** | ਮੇਰੇ ਬੱਚੇ ਦੀਆਂ IEP ਮੀਟਿੰਗਾਂ ਵਿਚ ਜਨਰਲ ਐਜੂਕੇਸ਼ਨ ਟੀਚਰ ਸ਼ਾਮਲ ਹੋਇਆ/ਹਿੱਸਾ ਲਿਆ। | O | O | O | O | O |
| **7.** | IEP ਦੀ ਮੀਟਿੰਗ ਵਿਚ, ਮੇਰੇ ਬੱਚੇ ਦੇ ਟੀਚਿਆਂ ’ਤੇ ਵਿਚਾਰ ਕੀਤਾ ਗਿਆ ਅਤੇ ਇਨ੍ਹਾਂ ਵਿਚ ਸੋਧ ਕੀਤੀ ਗਈ ਜੋ ਕਿ ਵਿਕਾਸ ਅਤੇ ਵਿਕਾਸ ਦੀ ਘਾਟ ਦੋਨਾਂ ’ਤੇ ਆਧਾਰਿਤ ਸੀ। | O | O | O | O | O |
| **8.** | IEP ਟੀਮ ਨੇ ਸਿੱਖਣ ਦਾ ਅਜਿਹਾ ਮਾਹੌਲ ਪ੍ਰਦਾਨ ਕੀਤਾ ਜਿਹੜਾ ਮੇਰੇ ਬੱਚੇ ਦੀਆਂ ਵੱਖਰੀਆਂ ਲੋੜਾਂ ਅਤੇ ਸਿੱਖਣ ਦੀਆਂ ਸਮਰੱਥਾਵਾਂ ’ਤੇ ਆਧਾਰਿਤ ਹੈ (ਜਿਵੇਂ ਜਨਰਲ ਐਜੂਕੇਸ਼ਨ ਦਾ ਕਲਾਸਰੂਮ, ਖਾਸ ਦਿਨ ਦੀ ਕਲਾਸ, ਸਿੱਖਣ ਦਾ ਸੈਂਟਰ/ਵਸੀਲਾ, ਆਦਿ)। | O | O | O | O | O |
| **9.** | ਮੇਰੇ ਬੱਚੇ ਦੀ IEP ਤਿਆਰ ਕਰਨ ਵੇਲੇ ਮੇਰੇ ਸੁਝਾਵਾਂ ਅਤੇ ਫਿਕਰਾਂ ’ਤੇ ਵਿਚਾਰ ਕੀਤੀ ਗਈ ਸੀ। | O | O | O | O | O |

***ਪੜ੍ਹਾਈ ਵਿਚ ਵਿਦਿਆਰਥੀ ਦੀ ਕਾਮਯਾਬੀ***

| | | ਬਹੁਤ ਸਹਿਮਤ | ਸਹਿਮਤ | ਪੱਕਾ ਪਤਾ ਨਹੀਂ | ਅਸਹਿਮਤ | ਬਹੁਤ ਅਸਹਿਮਤ |
|---|---|---|---|---|---|---|
| **10.** | ਮੇਰੇ ਬੱਚੇ ਨੂੰ ਉਸ ਦੀ IEP ਵਿਚ ਦੱਸੀਆਂ ਗਈਆਂ ਸੇਵਾਵਾਂ ਮਿਲਦੀਆਂ ਹਨ। (ਜਿਵੇਂ ਸਪੀਚ, ਫਿਜ਼ੀਕਲ ਥੈਰੇਪੀ, ਕੌਂਸਲਿੰਗ, ਟ੍ਰਾਂਸਪੋਰਟੇਸ਼ਨ, ਆਦਿ) | O | O | O | O | O |
| **11.** | ਸਕੂਲ ਦਾ ਸਟਾਫ ਮੇਰੇ ਬੱਚੇ ਦੀ ਪੜ੍ਹਾਈ ਦੇ ਨਿੱਜੀ ਪ੍ਰੋਗਰਾਮ (IEP) ਵਿਚ ਦਰਜ ਟੀਚੇ ਪ੍ਰਾਪਤ ਕਰਨ ਵਿਚ ਉਸ ਦੀ ਮਦਦ ਕਰਦਾ ਹੈ। | O | O | O | O | O |
| **12.** | ਟੀਚਰ ਅਤੇ ਸੇਵਾਵਾਂ ਦੇਣ ਵਾਲੇ ਆਪਣੀਆਂ ਜ਼ਿੰਮੇਵਾਰੀਆਂ ਜਾਣਦੇ ਹਨ ਅਤੇ ਮੇਰੇ ਬੱਚੇ ਦੀ IEP ਦੀ ਪੈਰਵੀ ਕਰਦੇ ਹਨ (ਜਿਵੇਂ ਅਨੁਕੂਲ ਬਣਾਉਣਾ ਅਤੇ ਸੁਧਾਈ ਕਰਨਾ)। | O | O | O | O | O |
| **13.** | ਸਕੂਲ ਦਾ ਸਟਾਫ ਘਰ ਅਤੇ ਸਕੂਲ ਵਿਚਕਾਰ ਨੇਮ ਨਾਲ ਗੱਲਬਾਤ ਕਰਨ ਲਈ ਰਸਮੀ ਅਤੇ ਗੈਰਰਸਮੀ ਮੌਕੇ ਪੈਦਾ ਕਰਦਾ ਹੈ। | O | O | O | O | O |
| **14.** | IEP ਦੇ ਟੀਚੇ ਪੂਰੇ ਕਰਨ ਵੱਲ ਆਪਣੇ ਬੱਚੇ ਦੀ ਤਰੱਕੀ ਬਾਰੇ ਮੈਨੂੰ ਇੰਨੀ ਕੁ ਵਾਰੀ ਰਿਪੋਰਟਾਂ ਮਿਲਦੀਆਂ ਹਨ ਜਿੰਨੀ ਕੁ ਵਾਰੀ ਪੜ੍ਹਾਈ ਦੇ ਆਮ ਰਿਪੋਰਟ ਕਾਰਡ ਮਿਲਦੇ ਹਨ (ਜਿਵੇਂ ਤਿਮਾਹੀ, ਤ੍ਰੈਮਾਸਕ, ਆਦਿ)। | O | O | O | O | O |
| **15.** | ਮੇਰੇ ਬੱਚੇ ਨੂੰ ਸਕੂਲ ਅਤੇ ਪਾਠਕ੍ਰਮ ਤੋਂ ਬਾਹਰ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਣ ਦਾ ਮੌਕਾ ਮਿਲਦਾ ਹੈ (ਜਿਵੇਂ ਅਸੈਂਬਲੀਆਂ, ਫੀਲਡ ਟ੍ਰਿਪ, ਸਕੂਲ ਵਲੋਂ ਸਪੌਂਸਰ ਹੋਰ ਸਰਗਰਮੀਆਂ)। | O | O | O | O | O |

***ਅਸੈੱਸਮੈਂਟ ਪਲੈਨਿੰਗ ਅਤੇ ਤਰੀਕੇ***

| | | ਬਹੁਤ ਸਹਿਮਤ | ਸਹਿਮਤ | ਪੱਕਾ ਪਤਾ ਨਹੀਂ | ਅਸਹਿਮਤ | ਬਹੁਤ ਅਸਹਿਮਤ |
|---|---|---|---|---|---|---|
| **16.** | ਮੇਰੇ ਬੱਚੇ ਦੀਆਂ ਜਿਹੜੀਆਂ ਪੜ੍ਹਾਈ ਦੀਆਂ ਖਾਸ ਅਸੈੱਸਮੈਂਟਾਂ ਹੋਈਆਂ, ਉਨ੍ਹਾਂ ਨੇ ਉਸ ਦੀਆਂ ਅਕਾਦਮਿਕ ਅਤੇ ਕਾਰਜੀ ਲੋੜਾਂ ਦੀ ਪਛਾਣ ਕੀਤੀ। | O | O | O | O | O |
| **17.** | ਮੇਰੇ ਬੱਚੇ ਦੀ ਅਸੈੱਸਮੈਂਟ ਦੇ ਨਤੀਜੇ ਉਸ ਦੇ IEP ਟੀਚਿਆਂ ਦੀ ਪਲੈਨ ਕਰਨ ਲਈ ਵਰਤੇ ਗਏ ਸਨ। | O | O | O | O | O |
| **18.** | IEP ਟੀਮ ਨੇ ਇਹ ਵਿਚਾਰ ਕੀਤੀ ਕਿ ਮੇਰਾ ਬੱਚਾ ਕਿਵੇਂ ਸਟੇਟ ਅਤੇ ਜ਼ਿਲੇ ਦੇ ਟੈੱਸਟਾਂ ਵਿਚ ਹਿੱਸਾ ਲਵੇਗਾ, ਸਮੇਤ ਅਨੁਕੂਲ ਬਣਾਉਣ ਅਤੇ ਸੁਧਾਈ ਕਰਨ ਦੇ। | O | O | O | O | O |

***ਹੋਰ ਤਬਦੀਲੀ*** *(ਸਿਰਫ ਉਨ੍ਹਾਂ ਵਿਦਿਆਰਥੀਆਂ ਲਈ ਜਿਹੜੇ ਆਪਣੀ IEP ਦੀ ਅਗਲੀ ਮੀਟਿੰਗ ਤੋਂ ਪਹਿਲਾਂ 16 ਸਾਲ ਦੇ ਹੋ ਰਹੇ ਹਨ)*

| | | ਬਹੁਤ ਸਹਿਮਤ | ਸਹਿਮਤ | ਪੱਕਾ ਪਤਾ ਨਹੀਂ | ਅਸਹਿਮਤ | ਬਹੁਤ ਅਸਹਿਮਤ |
|---|---|---|---|---|---|---|
| **19.** | IEP ਟੀਮ ਨੇ ਮੇਰੇ ਬੱਚੇ ਲਈ ਤਬਦੀਲੀ ਦੀਆਂ ਸੇਵਾਵਾਂ 'ਤੇ ਵਿਚਾਰ ਕੀਤੀ (ਜਿਵੇਂ ਰੁਜ਼ਗਾਰ, ਆਜ਼ਾਦ/ਮਦਦ ਵਾਲੀ ਰਹਿਣੀ, ਪੜ੍ਹਾਈ ਦੀਆਂ ਲੋੜੀਂਦੀਆਂ ਕਲਾਸਾਂ)। | O | O | O | O | O |
| **20.** | ਮੇਰੇ ਬੱਚੇ ਦੀ ਤਬਦੀਲੀ ਦੀ ਪਲੈਨ ਵਿਚ ਸ਼ਾਮਲ ਕੀਤੇ ਗਏ ਟੀਚੇ ਅਤੇ ਸੇਵਾਵਾਂ, ਮੇਰੇ ਬੱਚੇ ਦੀ ਪਲੈਨਿੰਗ ਅਤੇ ਭਵਿੱਖ ਦੇ ਟੀਚੇ ਪੂਰੇ ਕਰਨ ਲਈ ਅਗਲੇ ਚੰਗੇ ਕਦਮ ਹਨ। | O | O | O | O | O |
| **21.** | IEP ਟੀਮ/ਸਕੂਲ ਦਾ ਸਟਾਫ, ਮੇਰੇ ਬੱਚੇ ਲਈ ਤਬਦੀਲੀ ਦੀ ਪਲੈਨ ਦੀ ਪੈਰਵੀ ਕਰ ਰਹੇ ਹਨ। | O | O | O | O | O |

***ਅੰਗਰੇਜ਼ੀ ਬੋਲੀ ਦੇ ਸਿਖਾਂਦਰੂਆਂ ਵਜੋਂ ਪਛਾਣੇ ਗਏ ਵਿਦਿਆਰਥੀ*** *(ਜੇ ਲਾਗੂ ਨਹੀਂ ਹੁੰਦਾ ਤਾਂ ਖਾਲੀ ਛੱਡ ਦਿਉ)*

| | | ਬਹੁਤ ਸਹਿਮਤ | ਸਹਿਮਤ | ਪੱਕਾ ਪਤਾ ਨਹੀਂ | ਅਸਹਿਮਤ | ਬਹੁਤ ਅਸਹਿਮਤ |
|---|---|---|---|---|---|---|
| **22.** | ਸਕੂਲ ਦਾ ਸਟਾਫ, ਅੰਗਰੇਜ਼ੀ ਬੋਲੀ ਸਿੱਖਣ ਵਿਚ ਮੇਰੇ ਬੱਚੇ ਦੀ ਮਦਦ ਕਰਨ ਲਈ ਸਹਾਇਤਾ ਪ੍ਰਦਾਨ ਕਰਦਾ ਹੈ। | O | O | O | O | O |
| **23.** | ਸਕੂਲ ਦਾ ਸਟਾਫ, ਸਾਰੇ ਅਕਾਦਮਿਕ ਖੇਤਰਾਂ ਵਿਚ ਮੇਰੇ ਬੱਚੇ ਦੀ ਪੜ੍ਹਾਈ ਵਿਚ ਮਦਦ ਕਰਨ ਲਈ ਬੋਲੀ ਦੀ ਸਹਾਇਤਾ ਪ੍ਰਦਾਨ ਕਰਦਾ ਹੈ। | O | O | O | O | O |
| **24.** | ਸਕੂਲ ਦੇ ਸਟਾਫ ਨੇ ਮੇਰੇ ਮੰਗ ਕਰਨ 'ਤੇ ਮੇਰੀ ਬੋਲੀ ਵਿਚ ਦੋਭਾਸ਼ੀਆ ਅਤੇ ਜਾਣਕਾਰੀ ਪ੍ਰਦਾਨ ਕੀਤੇ ਹਨ। | O | O | O | O | O |

***ਹੋਰ ਵਿਚਾਰ?*** *(ਇਸ ਸਾਲ ਦੀ ਖਾਸ ਪੜ੍ਹਾਈ ਦੇ ਤਜਰਬੇ ਬਾਰੇ)*

*(ਦੱਸਣਾ ਜ਼ਰੂਰੀ ਨਹੀਂ)* ਮਾਪੇ/ਗਾਰਡੀਅਨ ਦਾ ਨਾਂ: ਈਮੇਲ:

ਬੱਚੇ ਦਾ ਨਾਂ: ਫੋਨ ਨੰਬਰ: